International Journal of Applied Research 2017; 3(2): 525-530




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(2): 525-530
www.allresearchjournal.com
Received: 13-01-2017
Accepted: 17-02-2017

**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ

**Correspondence**
**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ

# ਰੂਪਵਾਦੀ ਪੰਜਾਬੀ ਆਲੋਚਨਾ: ਇਤਿਹਾਸਕ ਪਿਛੋਕੜ

## ਡਾ. ਵਿਨੈਨੀਤ ਕੌਰ

**ਪ੍ਰਸਤਾਵਨਾ**

ਪੰਜਾਬੀ ਦੀ ਸਮੀਖਿਆ ਵਿਚ ‘ਰੂਪ’ ਦੀ ਚੇਤਨਾ ਤਾਂ ਲਗਭਗ ਆਰੰਭ ਤੋਂ ਹੀ ਹੈ, ਭਾਵੇਂ ਰੂਪਵਾਦ ਦੀ ਚੇਤਨਾ ਦੇਰ ਨਾਲ ਆਈ। ਅਸਲ ਵਿਚ ਜਦੋਂ ਬਾਵਾ ਬੁੱਧ ਸਿੰਘ ਨੇ ਆਪਣੀਆਂ ਪਹਿਲੀਆਂ ਪੁਸਤਕਾਂ ਲਿਖੀਆਂ ਤਾਂ ਉਨ੍ਹਾਂ ਵਿਚ ਸਾਹਿਤ ਦੇ ‘ਰੂਪ’ ਨੂੰ ਵਧੇਰੇ ਪਰਿਭਾਸ਼ਿਤ ਕੀਤਾ ਗਿਆ ਸੀ, ਖਾਸ ਤੌਰ ’ਤੇ ਕੋਇਲ ਕੂ ਵਿਚ। ਇਸ ਪੁਸਤਕ ਵਿਚ ਉਸਨੇ ਜਿੰਨ੍ਹਾਂ ਪੱਖਾਂ ’ਤੇ ਵਿਚਾਰ ਕੀਤਾ ਉਹ ਹਨ: ਕਵਿਤਾ ਕੀ ਹੈ, ਸੋਚ ਦੀ ਉੱਨਤੀ, ਕਵਿਤਾ ਦੇ ਰੰਗ, ਕਵਿਤਾ ਦੇ ਅਲੰਕਾਰ, ਕਵਿਤਾ ਦਾ ਹੋਰ ਹੁਨਰਾਂ ਨਾਲ ਸੰਬੰਧ, ਕਵਿਤਾ ਦੇ ਰਸ, ਇਹ ਸਾਰੇ ਪੰਖ ਮੂਲ ਤੌਰ ’ਤੇ ਕਵਿਤਾ ਦੇ ‘ਰੂਪ’ ਨਾਲ ਹੀ ਸੰਬੰਧਿਤ ਹਨ, ਕਿਉਂਕਿ ਉਸ ਸਮੇਂ ਜਾਂ ਤਾਂ ਭਾਰਤੀ ਕਾਵਿ-ਸ਼ਾਸਤਰ ਨੂੰ ਧਿਆਨ ਵਿਚ ਰੱਖਕੇ ਸੋਚਿਆ ਜਾ ਰਿਹਾ ਸੀ ਜਾਂ ਅੰਗ੍ਰੇਜ਼ੀ ਦੀ ਉਹ ਆਲੋਚਨਾ ਜਿਸ ਵਿਚ ਕਵਿਤਾ ਦੀ ‘ਵਿਧਾ’ ਬਾਰੇ ਸੋਚਿਆ ਜਾਂਦਾ ਸੀ, ਜਿਵੇਂ: ਮਹਾਂਕਾਵਿ, ਪ੍ਰਗੀਤ, ਬਿਰਤਾਂਤ ਜਾਂ ਦ੍ਰਿਸ਼-ਕਾਵਿ। ਬਾਵਾ ਬੁੱਧ ਸਿੰਘ ਨੇ ਇਸ ਰੂਪ-ਦ੍ਰਿਸ਼ਟੀ ਤੋਂ ਹੀ ਇਸ ਪੁਸਤਕ ਵਿਚ ਕਵਿਤਾ ਨੂੰ ਪਰਿਭਾਸ਼ਿਤ ਕੀਤਾ।

ਪੰਜਾਬੀ ਵਿਚ ਰੂਪਵਾਦੀ ਸਮੀਖਿਆ ਮਾਰਕਸਵਾਦੀ ਸਮੀਖਿਆ ਦੇ ਵਿਰੋਧ ਵਿਚ ਉਭਰੀ। ਇਹ ਵਿਰੋਧ ਪੱਛਮ ਦੀ ਸਮੀਖਿਆ ਵਿਚ ਅਗਰਭੂਮੀ ’ਤੇ ਸੀ। ਰੂਪਵਾਦ ਨੇ ਮਾਰਕਸਵਾਦੀ ਸਮੀਖਿਆ ਦੀਆਂ ਸੀਮਾਵਾਂ ਨੂੰ ਸਾਹਮਣੇ ਲੈ ਆਂਦਾ ਸੀ ਜਿਸ ਕਰਕੇ ਰੂਸੀ ਰੂਪਵਾਦ ਦਾ ਚਰਚਾ ਇਕ ਵਾਰੀ ਫੇਰ ਛਿੜ ਗਿਆ, ਕਿਉਂਕਿ ਰੂਸੀ ਰੂਪਵਾਦ ਨੇ ਸਾਹਿਤ ਦੀ ਸਾਹਿਤਿਕਤਾ ਅਤੇ ਯਥਾਰਥਵਾਦ ਦੇ ਮੁਕਾਬਲੇ ’ਤੇ ਅਜਨਬੀਕਰਣ ਦੇ ਸਿਧਾਂਤ ਨੂੰ ਜਨਮ ਦਿੱਤਾ। ਇਉਂ ਰੂਪਵਾਦ ਇਕ ਸਿਧਾਂਤ ਅਤੇ ਵਿਧੀ ਦੇ ਤੌਰ ’ਤੇ ਪੰਜਾਬੀ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਸਥਾਪਿਤ ਹੋ ਗਿਆ।

ਪੰਜਾਬੀ ਵਿਚ ਰੂਪਵਾਦੀ ਸਮੀਖਿਆ ਦਾ ਸਿਧਾਂਤਕ ਵਾਤਾਵਰਣ ਡਾ. ਹਰਿਭਜਨ ਸਿੰਘ ਦੀ ਪੁਸਤਕ ਅਧਿਅਨ ਅਤੇ ਅਧਿਆਪਨ (1970) ਨਾਲ ਬਣਨਾ ਸ਼ੁਰ ਹੋਇਆ। ਇਸ ਪੁਸਤਕ ਨੇ ਮਾਰਕਸਵਾਦੀ ਸਮੀਖਿਆ ਦੇ ਸਿਧਾਂਤਾਂ ਨੂੰ ਅਪਨਾਉਣ ਦੀ ਬਜਾਇ ਅਰਸਤੂਵਾਦੀ, ਪ੍ਰਤੀਕਵਾਦੀ ਜਾਂ ਹੋਰ ਉਸ ਗਿਆਨ ਨੂੰ ਅਪਨਾਇਆ ਜਿਸ ਗਿਆਨ ਨੂੰ ਰੂਪਵਾਦ ਦੇ ਪਿਛੋਕੜ ਵਿਚ ਗਿਣਿਆ ਜਾਂਦਾ ਸੀ। ਭਾਰਤੀ ਕਾਵਿ-ਸ਼ਾਸਤਰ ਵੀ ਇਸ ਦ੍ਰਿਸ਼ਟੀ ਤੋਂ ਰੂਪਵਾਦੀ ਹੀ ਗਿਣਿਆ ਜਾਂਦਾ ਹੈ। ਇਨ੍ਹਾਂ ਦੇ ਮਿਸ਼ਰਣ ਵਿਚੋਂ ਡਾ. ਹਰਿਭਜਨ ਸਿੰਘ ਨੇ ‘ਅਧਿਅਨ ਤੇ ਅਧਿਆਪਨ’ ਦੀ ਚੇਤਨਾ ਤਿਆਰ ਕੀਤੀ। ਉਸਦੀ ਸਮੀਖਿਆ ਦ੍ਰਿਸ਼ਟੀ ਦੀ ਪਹਿਚਾਨ ਸਭ ਤੋਂ ਵੱਧ ਉਸਦੇ ਨਿਬੰਧ ‘ਅਧਿਆਪਨ ਤੇ ਆਲੋਚਨਾ’ ਤੋਂ ਕੀਤੀ ਜਾ ਸਕਦੀ ਹੈ। ਇਸ ਨਿਬੰਧ ਵਿਚ ਡਾ. ਹਰਿਭਜਨ ਸਿੰਘ ਨੇ ਭਾਰਤੀ ਕਾਵਿ-ਸ਼ਾਸਤਰ ਦਾ ਵੀ ਜਾਇਜ਼ਾ ਲਿਆ ਅਤੇ ਪੱਛਮੀ ਕਾਵਿ-ਸ਼ਾਸਤਰ ਦਾ ਵੀ।

‘ਅਧਿਅਨ ਅਤੇ ਅਧਿਆਪਨ’ ਵਿਚ ਭਾਵੇਂ ਹਰਿਭਜਨ ਸਿੰਘ ਅਜੇ ਰੂਸੀ ਰੂਪਵਾਦ ਜਾਂ ਉਸ ਰੂਪਵਾਦ ਵਲ ਰੁਚਿਤ ਨਹੀਂ ਸੀ ਹੋਇਆ ਜਿਸਦਾ ਅੱਗੇ ਜਾ ਕੇ ਸੰਰਚਨਾਵਾਦ ਨਾਲ ਸੰਬੰਧ ਬਣਦਾ ਹੈ ਅਤੇ ਉਹ ਅਮਰੀਕਨ ਨਵ ਆਲੋਚਨਾ ਵਿਚ ਸਾਹਮਣੇ ਆਏ ਰੂਪਵਾਦ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਸੀ। ਇਸਦਾ ਪ੍ਰਮਾਣ ਉਸਦੇ ਨਿਬੰਧ ‘ਤਨਾਉ: ਸੰਗਠਨ ਸਿਧਾਂਤ ਦੇ ਰੂਪ’ ਵਿਚ ਮਿਲ ਜਾਂਦਾ ਹੈ। ਇਸ ਨਿਬੰਧ ਵਿਚ ਉਸਨੇ ਉਸੇ ਤਰ੍ਹਾਂ ਹੀ ਨਾਵਲ ਦੇ ਰੂਪਾਕਾਰ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ ਅਤੇ ਨਾਵਲੀ ਸੰਰਚਨਾ ਨੂੰ ਉਸੇ ਰੂਪਵਾਦੀ ਪ੍ਰਸੰਗ ਵਿਚ ਹੀ ਦੇਖਿਆ ਹੈ।

ਇਉਂ 'ਅਧਿਅਨ ਤੇ ਅਧਿਆਪਨ' ਦੀ ਰੂਪਵਾਦੀ ਸਮੀਖਿਆ ਦੀ ਪ੍ਰਵਿਰਤੀ ਭਰਪੂਰ ਰੂਪ ਵਿਚ ਸਾਹਮਣੇ ਲੈ ਆਂਦੀ ਤੇ ਪੰਜਾਬੀ ਵਿਚ ਮਾਰਕਸਵਾਦੀ ਆਲੋਚਨਾ ਦਾ ਵਿਸ਼ੇਸ਼ ਤੌਰ 'ਤੇ ਵਿਰੋਧ ਪੈਦਾ ਹੋ ਗਿਆ।

ਅੱਗੇ ਚੱਲ ਕੇ ਰੂਪਵਾਦੀ ਸਮੀਖਿਆ ਸਿਧਾਂਤਕ ਰੂਪ ਵਿਚ ਵੀ ਪ੍ਰਗਟ ਹੋਈ ਹੈ ਅਤੇ ਵਿਹਾਰਕ ਰੂਪ ਵਿਚ ਵੀ। ਵਿਹਾਰਕ ਰੂਪ ਵਿਚ ਸਮੀਖਿਆ ਪੁਸਤਕ ਰੂਪਕੀ ਵਿਚ ਕੀਤੀ ਗਈ ਅਤੇ ਸਿਧਾਂਤਕ ਰੂਪ ਵਿਚ ਡਾ. ਹਰਿਭਜਨ ਸਿੰਘ ਨੇ ਸਿੱਧੇ ਤੌਰ 'ਤੇ ਪੁਸਤਕ ਸਾਹਿਤ ਵਿਗਿਆਨ (1978) ਵਿਚ ਰੂਪਵਾਦ ਬਾਰੇ ਕੁਝ ਨਿਬੰਧ ਲਿਖੇ।

ਹਰਿਭਜਨ ਸਿੰਘ ਦੇ ਆਲੇ ਦੁਆਲੇ ਪੰਜਾਬੀ ਵਿਚ ਜੋ ਹੋਰ ਆਲੋਚਨਾ ਪੈਦਾ ਹੋਈ ਉਸ ਉਤੇ ਹਰਿਭਜਨ ਸਿੰਘ ਦੀ ਆਲੋਚਨਾ ਰਾਹੀਂ ਰੂਪਵਾਦ ਦਾ ਵਿਸਤ੍ਰਿਤ ਪ੍ਰਭਾਵ ਪਿਆ ਜਾਂ ਰੂਪਵਾਦ ਵਿਚ ਇਕ ਦਿਲਚਸਪੀ ਪੈਦਾ ਹੋਈ। ਜਿਸ ਕਾਰਨ ਉਸ ਦ੍ਰਿਸ਼ਟੀ ਰਾਹੀ ਸਾਹਿਤ ਦੀਆਂ ਜੁਗਤਾਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ। ਇਨ੍ਹਾਂ ਆਲੋਚਨਾਂ ਦ੍ਰਿਸ਼ਟੀਆਂ ਵਿਚ ਸਭ ਤੋਂ ਪਹਿਲਾਂ ਦਿੱਲੀ ਸਕੂਲ ਦੀ ਆਲੋਚਨਾ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਆਲੋਚਨਾ ਨੂੰ ਅੱਗੋ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਉਹ ਆਲੋਚਨਾ ਹੈ ਜੋ ਨਿਰੋਲ ਰੂਪਵਾਦ ਵਲ ਰੁਚਿਤ ਹੁੰਦੀ ਹੈ ਅਤੇ ਦੂਸਰੀ ਉਹ ਆਲੋਚਨਾ ਹੈ ਜੋ ਰੂਪਵਾਦ ਦੀਆਂ ਸੀਮਾਵਾਂ ਨੂੰ ਸਮਝਣਾ ਸ਼ੁਰੂ ਕਰਦੀ ਹੈ ਅਤੇ ਰੂਪਵਾਦ ਦੀ ਥਾਂ ਸੰਰਚਨਾਵਾਦ ਜਾਂ ਪਾਰ-ਸੰਰਚਨਾਵਾਦ ਨੂੰ ਵਧੇਰੇ ਅਪਨਾਉਂਦੀ ਹੈ। ਉਦਾਹਰਣ ਦੇ ਤੌਰ 'ਤੇ ਡਾ. ਅਮਰੀਕ ਸਿੰਘ ਪੂੰਨੀ ਦਾ ਕਥਨ ਪ੍ਰਮਾਣਿਕ ਜਾਪਦਾ ਹੈ:

"ਕਵਿਤਾ ਮਸ਼ੀਨਾਂ ਨਹੀਂ ਲਿਖਦੀਆਂ, ਮਨੁੱਖ ਲਿਖਦੇ ਹਨ। ਇਸ ਕਰਕੇ ਰਚਨਾ ਲੇਖਕ ਦੀ ਮਾਨਸਿਕਤਾ ਤੋਂ ਬਾਹਰ ਨਹੀਂ ਬਣਦੀ। ਉਹ ਮਨੁੱਖ ਜਿਹੜਾ ਕਵਿਤਾ ਲਿਖਦਾ ਹੈ, ਇਕ ਸਮਾਜਿਕ ਜੀਵ ਹੈ। ਇਸ ਗੱਲ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ। ਉਦਾਹਰਣ ਦੇ ਤੌਰ 'ਤੇ ਭਾਸ਼ਾ ਲੇਖਕ ਦਾ ਰਚਨਾ-ਮਾਧਿਅਮ ਹੈ ਅਤੇ ਭਾਸ਼ਾ ਆਪਣੇ ਆਪ ਵਿਚ ਸਮਾਜਕ ਹੋਂਦ ਹੈ। ਇਨ੍ਹਾਂ ਨੂੰ ਕੋਈ ਰੂਪਵਾਦੀ ਆਲੋਚਕ ਵੀ ਨਾਕਾਰ ਨਹੀਂ ਸਕਦਾ।"[1] (ਸਿਰਜਣਾ ਅਤੇ ਸਮੀਖਿਆ, ਪੰਨਾ 12)

ਦਿੱਲੀ ਸਕੂਲ ਦੀ ਰੂਪਵਾਦੀ ਆਲੋਚਨਾ ਨਾਲ ਡਾ. ਗੁਰਚਰਨ ਸਿੰਘ ਦੀ ਪੁਸਤਕ ਬਾਣੀ: ਕੇਂਦਰ ਤੇ ਵਿਕੇਂਦਰ (1979) ਨੂੰ ਵੀ ਸੰਬੰਧਿਤ ਕੀਤਾ ਜਾਂਦਾ ਹੈ। ਇਸ ਪੁਸਤਕ ਵਿਚ ਉਸਨੇ ਸਿਸਟਮ ਚੇਤਨਾ ਅਤੇ ਪੈਟਰਨ ਦੀ ਵਿਸ਼ੇਸ਼ ਤੌਰ 'ਤੇ ਗੱਲ ਕੀਤੀ ਹੈ। ਸਿਸਟਮ ਚੇਤਨਾ ਨੂੰ ਉਸਨੇ ਉਸ ਸਮੇਂ ਜਿਵੇਂ ਪਰਿਭਾਸ਼ਿਤ ਕੀਤਾ ਉਹ ਉਸ ਨੇਮ ਪ੍ਰਬੰਧ ਜਾਂ ਜੁਗਤ ਪ੍ਰਬੰਧ ਤਕ ਸੀਮਿਤ ਸੀ ਜਿਸ ਦੀ ਪਹੁੰਚ ਭਾਸ਼ਾ-ਵਿਗਿਆਨ ਦੀ ਸ਼ਬਦਾਵਲੀ ਨੂੰ ਅਪਨਾ ਕੇ ਰੂਪ ਤਕ ਹੀ ਬਣਦੀ ਸੀ। ਉਦਾਹਰਣ ਦੇ ਤੌਰ'ਤੇ:

"ਸਿਸਟਮ ਚੇਤਨਾ ਦਾ ਬੁਨਿਆਦੀ ਕਾਰਜ ਕਿਸੇ ਪਾਠ-ਪ੍ਰਬੰਧ ਪਿੱਛੇ ਡੂੰਘੇ ਪੱਥਰ ਉੱਪਰ ਕੰਮ ਕਰਦੇ ਨੇਮ-ਪ੍ਰਬੰਧ/ਜੁਗਤ-ਪ੍ਰਬੰਧ ਨੂੰ ਉਜਾਗਰ ਕਰਨਾ ਹੈ। ਇਹ ਨੇਮ-ਪ੍ਰਬੰਧ/ਜੁਗਤ-ਪ੍ਰਬੰਧ ਹੀ ਕਿਸੇ ਪਾਠ-ਪ੍ਰਬੰਧ ਦਾ ਸਿਸਟਮ ਜਾਂ ਲੈਂਗ (Langue) ਹੁੰਦਾ ਹੈ। ਪਾਠ-ਪ੍ਰਬੰਧ ਦੇ ਉਚਾਰਾਂ (Paroles) ਵਿਚੋਂ ਇਸ ਸਿਸਟਮ ਨੂੰ ਅਮੂਰਤ ਕਰ ਲਿਆ ਜਾਂਦਾ ਹੈ।"[2] (ਡਾ. ਗੁਰਚਰਨ ਸਿੰਘ, ਬਾਣੀ: ਕੇਂਦਰ ਤੇ ਵਿਕੇਂਦਰ, ਪੰਨਾ 16)

ਲੇਖਕ ਸਾਸਿਉਰ ਦੇ ਭਾਸ਼ਾ-ਵਿਗਿਆਨ ਨੂੰ ਆਧਾਰ ਬਣਾ ਕੇ ਰਚਨਾ ਦੇ ਨੇਮ ਪ੍ਰਬੰਧ ਦੀ ਪਹਿਚਾਨ ਕਰਨ ਦੇ ਨਾਲ ਨਾਲ ਉਸੇ ਤਰ੍ਹਾਂ ਥੀਮਿਕ ਪੈਟਰਨ ਦੀ ਪਹਿਚਾਨ ਕਰਨਾ ਚਾਹੁੰਦਾ ਹੈ ਜਿਸ ਤਰ੍ਹਾਂ ਥੀਮ-ਵਿਗਿਆਨ ਵਿਚ ਮੋਟਿਫਾਂ ਦੀ ਪਹਿਚਾਨ ਕੀਤੀ ਜਾਂਦੀ ਸੀ।

"ਕਵੀਂ ਦੀ ਮਾਨਸਿਕ ਥੀਮਿਕ ਚੇਤਨਤਾ ਨੂੰ ਪ੍ਰਵਚਨ-ਬੱਧ ਕਰਨ ਲਈ ਇਹ ਪੈਟਰਨ ਵਿਚ ਜੁਗਤ-ਪ੍ਰਬੰਧ ਵਾਂਗ ਸਹਾਇਤਾ ਕਰਦੇ ਹਨ। ਕਵੀ ਇਨ੍ਹਾਂ ਪੈਟਰਨਾਂ ਵਿਚ ਹੀ ਆਪਣੀ ਥੀਮ ਨੂੰ ਸਮੋ ਦਿੰਦਾ ਹੈ। ਥੀਮ, ਪੈਟਰਨ-ਬੱਧ ਹੋਈ, ਪੈਟਰਨ ਦੇ ਅੰਕ ਸਮਾ ਜਾਂਦੀ ਹੈ। ਇਸ ਤੋਂ ਬਿਨਾਂ ਦੂਜੇ ਦੀ ਹੋਂਦ ਚਿਤਵੀ ਹੀ ਨਹੀਂ ਜਾ ਸਕਦੀ। ਪੈਟਰਨਾਂ ਦੇ ਉਜਾਗਰ ਹੁੰਦਿਆਂ ਹੀ ਥੀਮਿਕ-ਸਾਰਥਕਤਾ ਨਾਲ ਹੀ ਸਪਸ਼ਟ ਹੋ ਜਾਂਦੀ ਹੈ। ਇਸੇ ਲਈ ਹੀ ਕਿਹਾ ਜਾਂਦਾ ਹੈ ਕਿ ਇਨ੍ਹਾਂ ਪੈਟਰਨਾਂ/ਜੁਗਤਾਂ ਦਾ ਸਿਸਟਮ ਹੀ ਕਿਸੇ ਪ੍ਰਵਚਨ ਦੀ ਥੀਮਿਕ ਸਾਰਥਕਤਾ ਨੂੰ ਨਿਸ਼ਚਿਤ ਕਰ ਰਿਹਾ ਹੁੰਦਾ ਹੈ। ਇਉਂ ਕਿਸੇ ਕਵੀ/ਕਾਵਿ-ਪਰੰਪਰਾ ਦਾ ਕਾਵਿ-ਵਿਗਿਆਨਕ ਅਧਿਐਨ ਉਸ ਕਵੀ/ਕਾਵਿ-ਪਰੰਪਰ ਦੇ ਥੀਮਿਕ ਪੈਟਰਨ/ਜੁਗਤਾਂ ਦੇ ਅਧਿਐਨ ਨਾਲ ਜਾ ਮਿਲਦਾ ਹੈ।"[3] (ਡਾ. ਗੁਰਚਰਨ ਸਿੰਘ, ਬਾਣੀ: ਕੇਂਦਰ ਤੇ ਵਿਕੇਂਦਰ, ਪੰਨਾ 16)

ਇਸ ਵਿਧੀ ਨੂੰ ਅਪਨਾ ਕੇ ਡਾ. ਗੁਰਚਰਨ ਸਿੰਘ ਨੇ ਸ਼ਬਦ 'ਮੋਤੀ ਤੇ ਮੰਦਰ ਉਸਰ ਰਿਹਾ' ਦੇ ਕੇਂਦਰ ਦੀ ਤਲਾਸ਼ ਕੀਤੀ ਹੈ। ਅਰਥ ਤੇ ਅਭਿਵਿਅਕਤੀ ਦੇ ਤਨਾਓ ਦਾ ਪੈਟਰਨ ਪਹਿਚਾਨਿਆ ਹੈ। ਇਸ ਪੁਸਤਕ ਦੀ ਯਾਤਰਾ ਅਜਿਹੇ ਰੂਪਵਾਦੀ ਰੁਝਾਨ ਤੋਂ ਸ਼ੁਰੂ ਹੁੰਦੀ ਹੈ ਅਤੇ ਲੇਖਕ ਹੌਲੀ-ਹੌਲੀ ਸੰਰਚਨਾਵਾਦ ਅਤੇ ਚਿਹਨ ਵਿਗਿਆਨ ਵੱਲ ਰੁਚਿਤ ਹੁੰਦਾ ਜਾਂਦਾ ਹੈ।

ਦਿੱਲੀ ਸਕੂਲ ਦੀ ਆਲੋਚਨਾ ਵਿਚ ਡਾ. ਮਹਿੰਦਰ ਕੌਰ ਗਿੱਲ ਦੀ ਆਲੋਚਨਾ ਨੂੰ ਵੀ ਗਿਣਿਆ ਜਾ ਸਕਦਾ ਹੈ ਕਿਉਂਕਿ ਇਹ ਆਲੋਚਨਾ ਵੀ ਡਾ. ਹਰਿਭਜਨ ਸਿੰਘ ਦੀ ਨਿਗਰਾਨੀ ਵਿਚ ਹੀ ਸਾਹਮਣੇ ਆਈ। ਡਾ. ਮਹਿੰਦਰ ਕੌਰ ਗਿੱਲ ਨੇ ਵਧੇਰੇ ਕੰਮ ਬਾਣੀ ਸ਼ਾਸਤਰ ਉਤੇ ਕੀਤਾ ਹੈ। ਭਾਵੇਂ ਡਾ. ਗਿੱਲ ਨੇ ਰੂਪਵਾਦ, ਰੂਸੀ-ਰੂਪਵਾਦ ਆਦਿ ਨੂੰ ਸਿੱਧੇ ਤੌਰ 'ਤੇ ਨਹੀਂ ਅਪਨਾਇਆ, ਪਰ ਬਾਣੀ ਸ਼ਾਸਤਰ ਦੀ ਤਲਾਸ਼ ਕਰਨ ਲੱਗਿਆਂ ਬਾਣੀ-ਰੂਪ ਨੂੰ ਧਿਆਨ ਗੋਚਰੇ ਜ਼ਰੂਰ ਕੀਤਾ ਹੈ। ਉਸਨੇ ਆਪਣੀ ਪੁਸਤਕ ਬਾਣੀ ਵਿਧਾਨ (1984) ਦੇ ਆਰੰਭ ਵਿਚ ਇਹ ਪ੍ਰਸ਼ਨ ਉਠਾਇਆ ਹੈ ਕਿ ਬਾਣੀ-ਸ਼ਾਸਤਰ ਦੀ ਉਸਾਰੀ ਕਿਵੇਂ ਕੀਤੀ ਜਾਏ। ਇਸਦਾ ਉਤਰ ਉਸਦੀ ਸਮੀਖਿਆ ਵਿਧੀ ਨੂੰ ਵਿਸਥਾਰ ਨਾਲ ਪ੍ਰਗਟ ਕਰ ਦਿੰਦਾ ਹੈ। ਉਦਾਹਰਣ ਦੇ ਤੌਰ 'ਤੇ:

"ਮੇਰੀ ਜਾਚੇ, ਇਹ ਦੋ ਤਰ੍ਹਾਂ ਹੋ ਸਕਦੀ ਹੈ। ਪਹਿਲਾਂ, ਪ੍ਰਾਪਤ ਕਾਵਿ-ਸਿਧਾਂਤਾਂ ਨੂੰ ਬਾਣੀ-ਰਚਨਾਵਾਂ ਉਪਰ ਲਾਗੂ ਕਰਕੇ ਨਿਰਖ-ਪਰਖ ਕੀਤੀ ਜਾਵੇ। ਦੂਜਾ, ਰਚਨਾਵਾਂ ਦੇ ਅਧਿਐਨ ਉਪਰੰਤ ਜੋ ਨੁਕਤੇ ਉਭਰਨ ਉਹਨਾਂ ਦੀ ਸਿਧਾਂਤ-ਯੁਕਤ ਵਿਆਖਿਆ ਕੀਤੀ ਜਾਵੇ। ਦੋਹਾਂ ਹਾਲਾਤਾਂ ਵਿਚ ਕਿਸੇ ਗਿਆਨ ਜਾਂ ਥਿਊਰੀ ਦੀ ਲੋੜ ਹੈ। ਮੈਂ ਇਨ੍ਹਾਂ ਦੋਹਾਂ ਹਾਲਾਤਾਂ ਵਿਚ ਆਪਣੇ ਆਪ ਨੂੰ ਪੁੱਛਦੀ ਹਾਂ ਕਿ ਉਹ ਕਿਹੜੇ ਸਿਧਾਂਤ ਹਨ ਜਿਨ੍ਹਾਂ ਨੂੰ ਦਿਮਾਗ ਵਿਚ ਰਖਕੇ ਬਾਣੀ-ਰਚਨਾਵਾਂ ਦਾ ਅਧਿਐਨ

ਕੀਤਾ ਜਾਏ? ਜੇ ਲਲਿਤ-ਕਲਾਵਾਂ ਨੂੰ ਧਿਆਨ ਵਿਚ ਰੱਖੀਏ ਤਾਂ ਬਾਣੀ ਆਪਣੇ ਸਰੂਪ ਵਿਚ ਸਾਹਿਤ ਕਲਾ ਨਾਲ ਮੇਲ ਖਾਂਦੀ ਹੈ। ਤਾਂ ਕਿਉਂ ਨਾ ਸਾਹਿਤ-ਸ਼ਾਸਤਰ ਨੂੰ ਇਕ ਅੰਤਰ ਦ੍ਰਿਸ਼ਟੀ ਵਾਂਗ ਗ੍ਰਹਿਣ ਕਰਕੇ ਬਾਣੀ-ਸ਼ਾਸਤਰ ਦੀ ਉਸਾਰੀ ਕੀਤੀ ਜਾਵੇ? ਇਹੋ ਮੇਰਾ ਮੂਲ ਮੁੱਦਾ ਹੈ।"[4] (ਡਾ. ਮਹਿੰਦਰ ਕੌਰ ਗਿੱਲ, 'ਬਾਣੀ ਵਿਧਾਨ', ਪੰਨਾ 5)

ਉਹ ਸਾਹਿਤ ਸ਼ਾਸਤਰ ਨੂੰ ਅੰਤਰ-ਦ੍ਰਿਸ਼ਟੀ ਵਾਂਗ ਅਪਨਾਉਣ ਦੇ ਹੱਕ ਵਿਚ ਹੈ। ਇਸੇ ਲਈ ਇਸ ਬਾਣੀ-ਸ਼ਾਸਤਰ ਵਿਚ ਰੂਪ ਦਾ ਵਿਸ਼ੇਸ਼ ਮਹੱਤਵ ਬਣ ਜਾਂਦਾ ਹੈ।

ਜਿਸ ਤਰ੍ਹਾਂ ਰੂਪਵਾਦ ਵਿਚ ਥੀਮਿਕ-ਅਧਿਐਨ ਦਾ ਪਿੱਛੇ ਜ਼ਿਕਰ ਕੀਤਾ ਸੀ ਉਸੇ ਤਰ੍ਹਾਂ ਡਾ. ਗਿੱਲ ਨੇ ਵੀ ਕੁਝ ਥੀਮਿਕ-ਅਧਿਐਨ ਪੇਸ਼ ਕੀਤੇ ਹਨ। ਉਦਾਹਰਣ ਦੇ ਤੌਰ 'ਤੇ ਪੁਸਤਕ ਬਾਣੀ ਵਿਧਾਨ ਵਿਚ 'ਗਉੜੀ ਸੁਖਮਨੀ ਮ. ੫: ਥੀਮਕ ਅਧਿਐਨ'। ਇਸੇ ਤਰ੍ਹਾਂ ਪੁਸਤਕ ਬਾਣੀ ਜਸ (1993) ਵਿਚ 'ਜਾਪ ਸਾਹਿਬ: ਇਕ ਅਧਿਐਨ', 'ਸ਼ਬਦ ਦਾ ਬਾਣੀ ਵਿਧਾਨ' ਵੀ ਅਜਿਹੇ ਨਿਬੰਧ ਹਨ ਜਿਸ ਵਿਚ 'ਰੂਪ' ਜਾਂ 'ਰੂਪਾਕਾਰ' ਦੀ ਤਲਾਸ਼ ਹੈ। ਉਦਾਹਰਣ ਦੇ ਤੌਰ 'ਤੇ ਉਸ ਦੀਆਂ ਹੇਠ ਲਿਖੀਆਂ ਸਤਰਾਂ:

"ਸੁਆਲ ਹੈ, ਸਤੋਤ੍ਰ ਕੀ ਹੈ? ਰੂਪ ਜਾਂ ਰੂਪਾਕਾਰ। ਇਸ ਦ੍ਰਿਸ਼ਟੀ ਤੋਂ ਜੇ ਸੰਸਕ੍ਰਿਤ ਸਾਹਿਤ ਵਿਚ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਸਤੋਤ੍ਰ 'ਸਤ' ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਹੈ 'ਜਸ'। ਸਤੋਤ੍ਰ-ਕਾਵਿ ਵਿਚ ਆਪਣੇ ਇਸ਼ਟ ਦੇ, ਸਰੂਪ, ਗੁਣਾਂ ਤੇ ਕਰਮਾਂ ਦਾ ਬਖਾਨ ਕਰਕੇ ਪ੍ਰਭੁੱਤਾ ਦੀ ਉਪਮਾ ਕੀਤੀ ਜਾਂਦੀ ਹੈ। ਸਿਫਤ-ਸਲਾਹੁਤਾ ਕਰਨੀ ਸਤੋਤ੍ਰ-ਰੂਪ ਦਾ ਮੀਰੀ ਗੁਣ ਹੈ। ਆਚਾਰੀਆਂ ਨੇ ਇਸ ਦੇ ਚਾਰ ਭੇਦ ਮੰਨੇ ਹਨ: ਦ੍ਰਵ ਸਤੋਤ੍ਰ, ਕਰਮ ਸਤੋਤ੍ਰ ਵਿਧੀ ਸਤੋਤ੍ਰ ਤੇ ਅਭਿਜ ਸਤੋਤ੍ਰ। ਸਤੋਤ੍ਰ ਦੇ ਭੇਦ-ਰੂਪਾਂ ਤੋਂ ਇਹ ਕਿਆਸ ਵੀ ਲਗਾਇਆ ਜਾ ਸਕਦਾ ਹੈ ਕਿ ਇਹ ਬਾਣੀ ਰੂਪ ਉਦੋਂ ਖਾਸਾ ਪ੍ਰਚਲਿਤ ਹੋਵੇਗਾ।"[5] (ਡਾ. ਮਹਿੰਦਰ ਕੌਰ ਗਿੱਲ, 'ਬਾਣੀ ਜਸ', ਪੰਨਾ 12)

ਇਉਂ ਡਾ. ਗਿੱਲ ਜਿੱਥੇ ਬਾਣੀ ਸ਼ਾਸਤਰ ਵਿਚ ਲਿਖੀ ਬਾਣੀ ਦੀ ਵਸਤੂ ਦਾ ਵਿਸ਼ਲੇਸ਼ਣ ਕਰਦੀ ਹੈ ਉਥੇ ਨਾਲ-ਨਾਲ ਉਸਦੇ 'ਰੂਪ' ਜਾਂ 'ਰੂਪਾਕਾਰ' ਦੀਆਂ ਸਮੱਸਿਆਵਾਂ ਵੀ ਉਠਾਉਂਦੀ ਹੈ।

ਦਿੱਲੀ ਸਕੂਲ ਦੇ ਪ੍ਰਭਾਵਾਂ ਨਾਲ ਜੋ ਆਲੋਚਨਾ ਸਾਹਮਣੇ ਆਈ ਉਸ ਵਿਚ ਡਾ. ਸੁਤਿੰਦਰ ਸਿੰਘ ਦੀ ਪੁਸਤਕ ਆਧੁਨਿਕ ਪੰਜਾਬੀ ਕਾਵਿ: ਰੂਪ-ਅਧਿਐਨ (1980) ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਜਾ ਸਕਦਾ ਹੈ ਕਿਉਂਕਿ ਇਸ ਪੁਸਤਕ ਵਿਚ ਰੂਪਵਾਦ ਨੂੰ ਆਧਾਰ ਬਣਾ ਕੇ ਆਧੁਨਿਕ ਪੰਜਾਬੀ ਕਾਵਿ ਦਾ ਅਧਿਐਨ ਕੀਤਾ ਗਿਆ ਹੈ। ਭਾਵੇਂ ਇਸਦੇ ਸਿਧਾਂਤ ਵਿਵੇਚਨ ਵਿਚ 'ਰੂਪ' ਅਤੇ 'ਸੰਰਚਨਾ' ਦੋਨਾਂ ਨੂੰ ਹੀ ਮੁੱਖ ਰੱਖਿਆ ਗਿਆ ਹੈ, ਪਰ 'ਰੂਪ' ਨੂੰ ਮੂਲ ਆਧਾਰ ਬਣਾਇਆ ਗਿਆ ਹੈ। ਰੂਪ, ਰੂਪਾਕਾਰ, ਕਾਵਿ-ਰੂਪ, ਛੰਦ-ਰੂਪ ਇਨ੍ਹਾਂ ਸਾਰੇ ਪੱਖਾਂ ਦੇ ਪੱਛਮੀ ਅਤੇ ਪੂਰਬੀ ਸੰਧਰਭਾਂ ਨੂੰ ਵੀ ਵਿਚਾਰਿਆ ਗਿਆ ਹੈ। 'ਰੂਪ' ਤੇ 'ਵਸਤੂ' ਦੀ ਅਖੰਡਤਾ ਬਾਰੇ ਵੀ ਚਰਚਾ ਕੀਤਾ ਗਿਆ ਹੈ। 'ਰੂਪ ਤੇ ਭਾਸ਼ਾ', 'ਰੂਪ ਅਭਿਵਿਅਕਤੀ' ਇਨ੍ਹਾਂ ਸਭ ਪੱਖਾਂ 'ਤੇ ਆਲੋਚਨਾ ਵਿਚ ਵਿਕਸਿਤ ਹੋਏ ਵਿਚਾਰਾਂ ਦਾ ਜਾਇਜ਼ਾ ਲਿਆ ਗਿਆ ਹੈ। ਲੇਖਕ ਦੀ ਮੂਲ ਰੁਚੀ ਕਿਉਂਕਿ ਰੂਪ ਨਾਲ ਸੰਬੰਧਿਤ ਹੈ, ਇਸ ਲਈ ਉਸਦਾ ਦ੍ਰਿਸ਼ਟੀਕੋਣ ਹੈ:

"ਰੂਪ ਦੁਆਰਾ ਅਸੀਂ ਕਿਸੇ ਕਿਰਤ ਦੀ ਇਕਸੁਰਤਾ, ਅਨੁਪਾਤ ਤੇ ਸੰਗਠਨ ਤੋਂ ਜਾਣੂ ਹੋ ਸਕਦੇ ਹਾਂ। ਜਿਉਂ-ਜਿਉਂ ਅਸੀਂ ਇਨ੍ਹਾਂ ਗੁਣਾਂ ਬਾਰੇ ਵੱਧ ਤੋਂ ਵੱਧ ਸੁਚੇਤ ਹੁੰਦੇ ਜਾਂਦੇ ਹਾਂ ਤਿਉਂ-ਤਿਉਂ ਅਸੀਂ ਸੁੰਦਰਤਾ ਦੇ ਸੂਖਮ, ਸਮ੍ਰਿਧ ਤੇ ਯੋਗ ਅਨੁਭਵ ਤੀਕ ਪੁਜਦੇ ਜਾਂਦੇ ਹਾਂ।"[6] (ਡਾ. ਸਤਿੰਦਰ ਸਿੰਘ, 'ਆਧੁਨਿਕ ਪੰਜਾਬੀ ਕਾਵਿ: ਰੂਪ ਅਧਿਐਨ', ਪੰਨਾ 24)

ਲੇਖਕ ਨੇ ਇਸ ਪੁਸਤਕ ਵਿਚ ਰੂਪਵਾਦ ਅਤੇ ਰੂਪਾਕਾਰ ਦੀ ਚੇਤਨਾ ਤੋਂ ਪੰਜਾਬੀ ਬਿਰਤਾਂਤਕ ਤੇ ਵਰਣਾਤਮਕ-ਕਾਵਿ, ਪੰਜਾਬੀ ਨਾਟਕੀ-ਕਾਵਿ ਤੇ ਕਾਵਿ-ਨਾਟਕ, ਪੰਜਾਬੀ ਪ੍ਰਗੀਤ ਕਾਵਿ ਤੇ ਪ੍ਰਗੀਤ ਰੂਪ ਅਤੇ ਮੁਕਤ-ਕਾਵਿ ਆਦਿ ਦਾ ਅਧਿਐਨ ਕੀਤਾ ਹੈ। ਉਸਨੇ ਰੂਪਾਕਾਰ ਬਾਰੇ ਜੋ ਸਿੱਟੇ ਦਿੱਤੇ ਹਨ ਉਨ੍ਹਾਂ ਵਿਚ ਰੂਪਾਕਾਰਕ ਆਲੋਚਨਾ ਦੀ ਅੰਤਰ-ਦ੍ਰਿਸ਼ਟੀ ਨੂੰ ਰੇਖਾਂਕਿਤ ਕੀਤਾ ਹੈ।

"ਰੂਪਾਕਾਰਕ ਆਲੋਚਨਾ ਬਹੁਤ ਮਹੱਤਵਪੂਰਨ ਅੰਤਰ-ਦ੍ਰਿਸ਼ਟੀ ਹੈ। ਇਹ ਬਾਕੀ ਆਲੋਚਨਾ ਪ੍ਰਣਾਲੀਆਂ ਦੇ ਮੁਕਾਬਲੇ ਤੇ ਜ਼ਿਆਦਾ ਸਾਹਿਤ-ਕੇਂਦ੍ਰਿਤ ਹੈ। ਫਲ ਵਜੋਂ ਰਚਨਾ ਦੀ ਸੰਰਚਨਾ ਨੂੰ ਪਛਾਣ ਲਈ ਇਸ ਵਿਚ ਵਧੇਰੇ ਸਮਰੱਥਾ ਹੈ। ਕਾਵਿ-ਰੂਪਾਕਾਰ, ਕਾਵਿ-ਸੰਰਚਨਾ ਦਾ ਹੀ ਪਰਿਆਇ ਹੈ। ਇਸ ਵਿਚ ਰੂਪ ਤੇ ਵਸਤੂ ਇਕ ਏਕੇ ਵਿਚ ਪਹੁੰਚੇ ਹੁੰਦੇ ਹਨ। ਰੂਪਾਕਾਰ ਦਾ ਅਰਥ ਹੈ ਕਾਵਿ ਦੀ ਸਮੁੱਚੀ ਵਿਵਸਥਾ ਤੇ ਸੁਰ। ਇਸੇ ਲਈ ਰੂਪਾਕਾਰ ਦਾ ਅਧਿਐਨ ਅਰਸਤੂ ਦੇ ਸਮੇਂ ਤੋਂ ਲੈ ਕੇ ਅੱਜ ਤੀਕ ਵਿਦਵਾਨਾਂ ਦੇ ਆਕਰਸ਼ਣ ਦਾ ਵੱਡਾ ਕੇਂਦਰ-ਬਿੰਦੂ ਬਣਿਆ ਹੋਇਆ ਹੈ।"[7] (ਡਾ. ਸਤਿੰਦਰ ਸਿੰਘ, 'ਆਧੁਨਿਕ ਪੰਜਾਬੀ ਕਾਵਿ: ਰੂਪ ਅਧਿਐਨ', ਪੰਨਾ 251)

1986 ਵਿਚ ਡਾ. ਸਤਿੰਦਰ ਸਿੰਘ ਦੀ ਦੂਸਰੀ ਪੁਸਤਕ ਆਈ ਵਿਹਾਰਕ ਸਮੀਖਿਆ। ਇਸ ਪੁਸਤਕ ਵਿਚ ਉਸਨੇ ਕਵਿਤਾ ਤੇ ਵਾਰਤਕ ਦੀ ਵਿਹਾਰਕ ਸਮੀਖਿਆ ਦੇ ਸਿਧਾਂਤ ਅਤੇ ਵਿਧੀ ਨੂੰ ਸਪਸ਼ਟ ਕੀਤਾ ਅਤੇ ਨਾਲ ਹੀ ਕਵਿਤਾ ਅਤੇ ਵਾਰਤਕ ਵਿਚੋਂ ਕੁਝ ਉਦਾਹਰਣਾਂ ਲੈ ਕੇ ਉਨ੍ਹਾਂ ਦੀ ਵਿਹਾਰਕ ਸਮੀਖਿਆ ਵੀ ਪੇਸ਼ ਕੀਤੀ। ਪਰ ਧਿਆਨ ਯੋਗ ਗੱਲ ਇਹ ਹੈ ਕਿ ਡਾ. ਸਤਿੰਦਰ ਸਿੰਘ ਨੇ ਇਸ ਪੁਸਤਕ ਵਿਚ ਵਿਹਾਰਕ ਸਮੀਖਿਆ ਦੀ ਜੋ ਵਿਧੀ ਬਣਾਈ, ਉਹ ਮੂਲ ਤੌਰ 'ਤੇ ਰੂਪਵਾਦੀ ਹੈ। ਕਵਿਤਾ ਦੀ ਵਿਹਾਰਕ ਸਮੀਖਿਆ ਲਈ ਉਸਨੇ ਬੁੱਧੀ, ਗੌਣ ਅਰਥ, ਭਾਵ, ਕਲਪਨਾ, ਬੰਬ, ਪ੍ਰਤੀਕ, ਅਲੰਕਾਰ, ਰਸ, ਧੁਨੀ, ਵਿਕ੍ਰੋਕਤੀ, ਔਚਿਤਯ, ਰੀਤੀ, ਛੰਦ, ਮੁੜ ਛੰਦ, ਸੰਗੀਤ ਅਤੇ ਲੋਅ, ਭਾਸ਼ਾ ਅਤੇ ਸ਼ੈਲੀ, ਕਾਵਿ ਭਾਸ਼ਾ ਅਤੇ ਆਮ ਭਾਸ਼ਾ, ਕਾਵਿ-ਰੂਪ ਇਨ੍ਹਾਂ ਨੂੰ ਕਾਵਿ ਦੇ ਤੱਤ ਮੰਨਿਆ। ਪਾਠ ਵਿਸ਼ਲੇਸ਼ਣ ਤੇ ਵਿਰਚਨਾ ਵਿਧੀ ਦੀਆਂ ਹੋਰ ਸਮੱਸਿਆਵਾਂ ਨੂੰ ਵਿਚਾਰਦਿਆਂ ਮੂਲ ਤੌਰ 'ਤੇ ਰੂਪਵਾਦੀ ਦ੍ਰਿਸ਼ਟੀ ਨੂੰ ਹੀ ਅਪਨਾਇਆ ਹੈ। ਕਾਵਿ ਰੂਪ ਨੂੰ ਜਿਸ ਤਰ੍ਹਾਂ ਆਲੋਚਕ ਨੇ ਪਰਿਭਾਸ਼ਿਤ ਕੀਤਾ ਹੈ, ਉਸ ਤੋਂ ਹੀ ਅਸੀਂ ਇਸ ਗੱਲ ਦਾ ਅਨੁਮਾਨ ਲਗਾ ਸਕਦੇ ਹਾਂ।

"'ਰੂਪ' ਦੇ ਅੰਤਰਗਤ ਕਾਵਿ-ਰਚਨਾ ਦੀ ਬਣਤਰ, ਵਿਵਸਥਾ, ਦਸ਼ਾ ਜਾਂ ਸੰਗਠਨ ਆਦਿ ਨਾਲ ਸੰਬੰਧਿਤ ਸਾਰੀਆਂ ਵਿਸ਼ੇਸ਼ਤਾਵਾਂ ਦਾ ਚਰਚਾ ਆ ਜਾਂਦਾ ਹੈ। 'ਰੂਪ' ਸ਼ਬਦ ਦਾ ਅਰਥ ਖੇਤਰ ਏਨਾ ਵਿਆਪਕ ਹੈ ਕਿ ਕਾਵਿ ਦੇ ਸਾਰੇ

ਅੰਗ/ਤੱਤ ਇਸ ਵਿਚ ਆ ਜਾਂਦੇ ਹਨ। ਕਾਵਿ-ਰੂਪ ਦਾ ਭਾਵ ਹੈ, ਕਵਿਤਾ ਦਾ ਬਾਹਰੀ ਆਕਾਰ; ਉਹ ਦ੍ਰਿਸ਼ਟ ਰੂਪ, ਜੋ ਸਾਡੀਆਂ ਸੰਵੇਦਨਾਵਾਂ ਦਾ ਵਿਸ਼ਾ ਹੋ ਸਕਦਾ ਹੈ। ਕਾਵਿ-ਰੂਪ ਨੂੰ ਜਿਵੇਂ ਸੰਵੇਦਿਤ ਕੀਤਾ ਗਿਆ ਹੈ, ਉਸਦੀ ਲੱਛਣਿਕ ਵਿਸ਼ੇਸ਼ਤਾ ਹੀ ਉਸਦਾ ਰੂਪ ਹੈ। ਦੂਜੇ ਸ਼ਬਦਾਂ ਵਿਚ ਰੂਪ ਇਕ ਸੰਰਚਨਾ ਹੈ, ਜਿਸ ਵਿਚ ਅਨੁਭਵ ਦੇ ਤੱਤ ਨਿਯਮਿਤ ਵਿਧਾਨ ਵਿਚ ਬਣੇ ਹੋਏ ਹੁੰਦੇ ਹਨ। ਸੰਰਚਨਾ (structure) ਦਾ ਸੰਬੰਧ ਕਾਵਿ ਦੇ ਸੰਵੇਚਿਤ ਆਕਾਰ ਨਾਲ ਹੈ ਜਦ ਕਿ ਬੁਣਤੀ (Texture) ਸੰਬੰਧ ਕਾਵਿ ਦੇ ਅੰਦਰਲੇ ਸੰਗਠਨ ਨਾਲ ਹੁੰਦਾ ਹੈ। ਕਾਵਿ-ਰੂਪ ਵਿਚ ਕਾਵਿ ਦੀ ਅੰਦਰਲੀ ਬੁਣਤੀ ਤੇ ਬਾਹਰਲੀ ਸੰਰਚਨਾ ਦੇ ਦੋਵੇਂ ਪੱਖ ਆ ਜਾਂਦੇ ਹਨ। ਰੂਪ ਅਸਲ ਵਿਚ ਕਾਵਿ-ਵਸਤੂ ਦਾ ਸੰਗਠਨ ਹੈ ਅਤੇ ਕਾਵਿ-ਕਿਰਤ ਵਿਚ ਰੂਪ ਤੇ ਵਸਤੂ ਪੂਰੀ ਤਰ੍ਹਾਂ ਸਮੋਏ ਹੋਏ ਹੁੰਦੇ ਹਨ।"[8] (ਡਾ. ਸਤਿੰਦਰ ਸਿੰਘ, 'ਵਿਹਾਰਕ ਸਮੀਖਿਆ', ਪੰਨਾ 84)

"'ਰੂਪ' ਉਹ ਆਕਾਰ ਹੈ, ਜੋ ਕਵੀ ਦਾ ਅਨੁਭਵ ਸ਼ਬਦਾਂ ਦੇ ਪ੍ਰਭਾਵ ਹੇਠ ਗ੍ਰਹਿਣ ਕਰਦਾ ਹੈ ਜਾਂ ਕਵੀ ਸ਼ਬਦਾਂ ਨੂੰ ਜੋ ਸਾਰਥਕ ਡਿਜ਼ਾਇਨ ਦਿੰਦਾ ਹੈ, ਉਹੀ ਆਕਾਰ, 'ਰੂਪ' ਅਖਵਾਉਂਦਾ ਹੈ। ਇਹ ਗੱਲ ਬੜੀ ਮਹੱਤਵਪੂਰਨ ਹੈ ਕਿ ਕਵੀ ਨੇ ਵਿਚਾਰ, ਬਿੰਬਾਵਲੀ ਅਤੇ ਧੁਨੀ ਨੂੰ ਕੀ ਖਾਸ ਤਰਤੀਬ ਦਿੱਤੀ ਹੈ? ਇਨ੍ਹਾਂ ਦਾ ਕੀ ਪੈਟਰਨ ਤਿਆਰ ਕੀਤਾ ਹੈ? ਵਿਹਾਰਕ ਸਮੀਖਿਆ ਵਿਚ ਕਵਿਤਾ ਇਕ ਸੰਗਠਨ ਪੱਖ ਵਲ ਲਾਜ਼ਮੀ ਤੌਰ 'ਤੇ ਧਿਆਨ ਦੇਣਾ ਬਣਦਾ ਹੈ। ਰੂਪ, ਕਵਿਤਾ ਦੇ ਸੁਹਜ ਦਾ ਇਕ ਅੰਗ ਹੈ ਕਿਉਂਕਿ ਇਸ ਵਿਚ ਇਕਸੁਰਤਾ, ਆਕਾਰ ਤੇ ਤਰਤੀਬ ਦੇ ਸਾਰੇ ਪੱਖ ਆ ਜਾਂਦੇ ਹਨ।" (ਡਾ. ਸਤਿੰਦਰ ਸਿੰਘ, 'ਵਿਹਾਰਕ ਸਮੀਖਿਆ', ਪੰਨਾ 85)

ਆਲੋਚਕ ਨੇ ਇਸ ਤੋਂ ਅਗੇ ਜਾ ਕੇ 'ਵਸਤੂ' ਅਤੇ 'ਰੂਪ' ਦੇ ਸੰਬੰਧਾਂ ਨੂੰ ਵੀ ਵਿਚਾਰਿਆ ਹੈ:

"ਵਸਤੂ ਤੇ ਰੂਪ ਨੂੰ ਅੱਡ-ਅੱਡ ਸਮਝਿਆ ਜਾਂਦਾ ਰਿਹਾ ਹੈ। ਰੂਪ ਨੂੰ ਵਿਸ਼ੇ-ਵਸਤੂ ਦਾ ਮਹਿਜ਼ ਇਕ ਭਾਂਡਾ ਜਾਂ ਢਾਂਚਾ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ। ਇਸ ਲਈ ਵਸਤੂ ਦੇ ਰੂਪ ਨੂੰ ਦਵੈਤ-ਰੂਪ ਵਿਚ ਪ੍ਰਵਾਨ ਕਰਨ ਦੀ ਇਕ ਲੰਬੀ ਪਰੰਪਰਾ ਹੋਂਦ ਧਾਰਨ ਕਰ ਗਈ ਹੋਈ ਹੈ। ਇਸ ਵਿਚਾਰ-ਪ੍ਰਣਾਲੀ ਵਿਚ ਰੂਪ ਨੂੰ ਕੇਵਲ ਇਕ ਬਾਹਰਲਾ ਸਾਂਚਾ ਜਾਂ ਢਾਂਚਾ ਹੀ ਮੰਨਿਆ ਗਿਆ ਹੈ, ਜਿਸ ਵਿਚ ਵਸਤੂ ਨੂੰ ਕੇਵਲ ਧਰ ਦਿੱਤਾ ਜਾਂਦਾ ਹੈ। ਇਹ ਅਨੁਭਵ ਨੂੰ ਪੇਸ਼ ਕਰਨ ਦਾ ਇੱਕ ਸਾਧਨ ਮਾਤਰ ਹੀ ਦੱਸਿਆ ਗਿਆ ਹੈ। ਇਸੇ ਲਈ ਇਸ ਚਿੰਤਨ ਵਿਚ ਰੂਪ ਨੂੰ ਇਕ ਛਿਲਕੇ ਦੀ ਨਿਆਈਂ ਜਾਂ ਵਸਤੂ ਨੂੰ ਧਾਰਨ ਕਰਨ ਵਾਲਾ ਭਾਂਡਾ ਜਾਂ ਰਚਨਾ ਦੇ ਪ੍ਰਾਣਧਾਰੀ ਅੰਸ਼ਾਂ ਤੋਂ ਰਹਿਤ ਹੀ ਪ੍ਰਵਾਨ ਕੀਤਾ ਗਿਆ ਹੈ। ਇਥੇ ਰੂਪ ਬਾਰੇ ਜਦੋਂ ਵਿਚਾਰ ਕੀਤੀ ਵੀ ਗਈ ਹੈ ਤਾਂ ਉਹ ਆਮ ਜਿਹੇ ਢੰਗ ਨਾਲ ਨਾਵਾਂ, ਕਿਸਮਾਂ, ਗਿਣਤੀਆਂ-ਮਿਣਤੀਆਂ, ਛੰਦਗਤ ਨਿਯਮਾਂ ਤਕ ਹੀ ਸੀਮਿਤ ਰਹੀ ਹੈ। ਰੂਪ ਨੂੰ ਕਾਵਿ ਦੀ ਆਤਮਾ ਦੇ ਮਰਮ ਨਾਲ ਸੰਬੰਧਿਤ ਨਹੀਂ ਕੀਤਾ ਗਿਆ। ਵਸਤੂ ਤੇ ਰੂਪ ਨੂੰ ਅੱਡ-ਅੱਡ ਤਰ੍ਹਾਂ ਨਾਲ ਵਿਚਾਰਨ ਕਰਕੇ ਦੋਹਾਂ ਵਿਚ ਮਕਾਨਕੀ ਜਾਂ ਨੀਰਸ ਤਰ੍ਹਾਂ ਦੇ ਸੰਬੰਧ ਨੂੰ ਹੀ ਪ੍ਰਵਾਨਗੀ ਮਿਲੀ ਹੈ। ਇਨ੍ਹਾਂ ਦੀ ਪਰੰਪਰਾਗਤ ਦਵੈਤ ਦਾ ਏਨਾ ਪ੍ਰਭਾਵ ਹੈ ਕਿ ਅੱਜ ਵੀ ਕਈ ਵਿਦਵਾਨ ਇਨ੍ਹਾਂ ਨੂੰ ਅੱਡ-ਅੱਡ ਰੂਪ ਵਿਚ ਹੀ ਚਿਤਵਦੇ ਹਨ।"[9] (ਡਾ. ਸਤਿੰਦਰ ਸਿੰਘ, 'ਵਿਹਾਰਕ ਸਮੀਖਿਆ', ਪੰਨਾ 89)

ਡਾ. ਸਤਿੰਦਰ ਸਿੰਘ ਦੇ ਇਨ੍ਹਾਂ ਵਿਚਾਰਾਂ ਤੋਂ ਇਹ ਸਪਸ਼ਟ ਹੈ ਕਿ ਉਸਦੀ ਦ੍ਰਿਸ਼ਟੀ 'ਰੂਪ' ਨੂੰ ਪਰਿਭਾਸ਼ਿਤ ਕਰਨ ਲੱਗਿਆਂ ਵੀ ਅਤੇ 'ਰੂਪ' ਅਤੇ 'ਵਸਤੂ' ਦੇ ਸੰਕਲਪ ਨੂੰ ਵਿਚਾਰਣ ਲਗਿਆਂ ਵੀ ਰੂਪਵਾਦੀ ਹੈ। ਉਹ ਵਸਤੂ ਨੂੰ ਰੂਪ ਨਾਲ ਅਦਵੈਤ ਦੇ ਤੌਰ 'ਤੇ ਹੀ ਵੇਖਦਾ ਹੈ। ਇਹ ਵਿਚਾਰ ਉਸਨੇ ਲਗਭਗ ਉਸੇ ਤਰ੍ਹਾਂ ਪੇਸ਼ ਕੀਤਾ ਹੈ ਜਿਵੇਂ ਰੂਪਵਾਦੀ 'ਵਸਤੂ' ਤੇ 'ਰੂਪ' 'ਚੋਂ ਰੂਪ ਨੂੰ ਪਹਿਲ ਦਿੰਦੇ ਰਹੇ ਹਨ, ਜਾਂ ਵਸਤੂ ਨੂੰ ਉਸਦੇ ਅੰਤਰਗਤ ਹੀ ਵੇਖਦੇ ਰਹੇ ਹਨ। ਉਸਨੇ ਇਸੇ ਲਈ ਵਸਤੂ ਤੇ ਰੂਪ ਦਾ ਚਰਚਾ ਕਰਦਿਆਂ ਉਸ ਮਾਰਕਸਵਾਦੀ ਦ੍ਰਿਸ਼ਟੀ 'ਤੇ ਆਲੋਚਨਾ ਵੀ ਕੀਤੀ ਹੈ ਜਿਸ ਵਿਚ ਵਸਤੂ ਨੂੰ ਰੂਪ ਤੋਂ ਪਹਿਲ ਦੇ ਦਿੱਤੀ ਜਾਂਦੀ ਹੈ ਉਦਾਹਰਣ ਦੇ ਤੌਰ 'ਤੇ:

"ਮਾਰਕਸਵਾਦੀ ਧਾਰਣਾ ਉਥੇ ਦੋਸ਼ਪੂਰਣ ਜਾਂ ਇੱਕ ਪੱਖੀ ਹੋ ਜਾਂਦੀ ਹੈ, ਜਿੱਥੇ ਉਹ ਵਸਤੂ ਨੂੰ ਰੂਪ-ਰਹਿਤ ਅਤੇ ਰੂਪ ਨੂੰ ਇਕ ਬੰਧਨ ਪ੍ਰਵਾਨ ਕਰਦੀ ਹੈ। ਭਾਵ ਜਿੱਥੇ ਉਹ ਇਨ੍ਹਾਂ ਦੇ ਦਵੰਦ ਸੰਬੰਧ ਵਲ ਧਿਆਨ ਨਾ ਦੇ ਕੇ ਇਨ੍ਹਾਂ ਦੇ ਸੰਬੰਧਾਂ ਨੂੰ ਅਕ੍ਰਿਆਸ਼ੀਲ ਰੂਪ ਵਿਚ ਪੇਸ਼ ਕਰਦੀ ਹੈ। ਏਥੇ ਉਹ ਇਹ ਦੇਖਣ ਤੋਂ ਅਸਮਰੱਥ ਰਹਿ ਜਾਂਦੀ ਹੈ ਕਿ ਵਸਤੂ ਦੀ ਵੀ ਇਕ ਸਾਰਥਕ ਸੰਰਚਨਾ ਹੁੰਦੀ ਹੈ। ਰੂਪ ਨੇ ਵਸਤੂ ਨੂੰ ਸਿਰਫ਼ ਪੇਸ਼ ਹੀ ਨਹੀਂ ਕੀਤਾ ਹੁੰਦਾ ਸਗੋਂ ਉਸਦਾ ਇਕ ਸੰਗਠਨ ਵੀ ਉਸਾਰਿਆ ਹੁੰਦਾ ਹੈ।"[10] (ਡਾ. ਸਤਿੰਦਰ ਸਿੰਘ, 'ਵਿਹਾਰਕ ਸਮੀਖਿਆ', ਪੰਨਾ 90)

ਜਿੱਥੇ ਡਾ. ਸਤਿੰਦਰ ਸਿੰਘ ਨੇ ਰੂਪਾਕਾਰਕ ਆਲੋਚਨਾ ਨੂੰ ਵਿਕਿਸਤ ਕੀਤਾ ਉਥੇ ਦਿੱਲੀ ਸਕੂਲ ਨਾਲ ਹੀ ਸੰਬੰਧਤ ਡਾ. ਦੇਵਿੰਦਰ ਕੌਰ ਦੀ ਪੁਸਤਕ ਵੀਰ ਸਿੰਘ ਕਾਵਿ ਦਾ ਰੂਪ-ਵਿਗਿਆਨਕ ਅਧਿਐਨ (1985) ਦਾ ਇਸ ਲੜੀ ਵਿਚ ਇਸ ਲਈ ਚਰਚਾ ਕੀਤਾ ਜਾ ਸਕਦਾ ਹੈ ਕਿਉਂਕਿ ਇਸਦਾ ਕੇਂਦਰੀ ਸ਼ਬਦ ਹੈ ਰੂਪ-ਵਿਗਿਆਨ, ਜਿਸਨੂੰ ਰੂਪਵਾਦ ਦੇ ਵਿਕਾਸ ਵਿਚ ਇਕ ਵਖਰਾ ਸੰਕਲਪ ਵੀ ਗਿਣਿਆ ਜਾ ਸਕਦਾ ਹੈ, ਪਰ ਇਸ ਦੀਆਂ ਜੜ੍ਹਾਂ ਰੂਪਵਾਦ ਵਿਚ ਹੀ ਹਨ। ਡਾ. ਦੇਵਿੰਦਰ ਕੌਰ ਨੇ ਰੂਪ-ਵਿਗਿਆਨ ਦੇ ਸੰਕਲਪ ਨੂੰ ਪ੍ਰਗਟ ਕਰਕੇ ਇਸਨੂੰ ਅਰਸਤੂ ਦੇ 'ਰੂਪ-ਸੰਕਲਪ' ਤੋਂ ਵੀ ਵਿਚਾਰਿਆ ਹੈ। ਉਸ ਤੋਂ ਪਿੱਛੋਂ ਰੂਸੀ ਰੂਪਵਾਦ, ਵਲਾਦੀਮੀਰ ਪਰਾਪ ਦੇ ਸਿਧਾਂਤ, ਸਾਸਿਉਰ ਦਾ ਭਾਸ਼ਾ-ਵਿਗਿਆਨ, ਲੇਵੀ ਸਤ੍ਰਾਸ ਦਾ ਮਿਥ ਵਿਗਿਆਨ, ਸੰਰਚਨਾਵਾਦ ਦੇ ਕੁਝ ਸੰਰਚਨਾਤਮਕ ਸਿਧਾਂਤ, ਮਾਰਕਸਵਾਦੀਆਂ ਦਾ ਵਸਤੂ ਤੇ ਰੂਪ ਦਾ ਦਵੈਤ, ਦਵੰਦਾਤਮਕਤਾ ਇਨ੍ਹਾਂ ਸਾਰੀਆਂ ਗੱਲਾਂ ਨੂੰ ਵਿਚਾਰਦੀ ਹੈ। ਅਸਲ ਵਿਚ ਉਹ ਰੂਪ ਤੇ ਵਿਚਾਰ ਕਰਦਿਆਂ ਵਿਸ਼ੇ/ਥੀਮ ਜਾਂ ਰੂਪ ਦੀ ਦਵੈਤ ਨੂੰ ਮਿਟਾਉਣਾ ਚਾਹੁੰਦੀ ਹੈ ਤੇ ਇਸੇ ਲਈ ਉਸਨੇ ਰੂਪ-ਵਿਗਿਆਨ ਸ਼ਬਦ ਨੂੰ ਸਾਹਮਣੇ ਲਿਆਂਦਾ। ਉਸਨੇ ਸਾਹਿਤ ਵਿਗਿਆਨ ਬਾਰੇ ਜੋ ਸਿਧਾਂਤ ਤੇ ਵਿਧੀ ਸਪਸ਼ਟ ਕੀਤੇ ਉਨ੍ਹਾਂ ਨੂੰ ਅਸੀਂ ਅੰਕਿਤ ਵੀ ਕਰ ਸਕਦੇ ਹਾਂ:

"ਵਿਸ਼ਵ-ਸਾਹਿਤ-ਸਮੀਖਿਆ ਦਾ ਘੇਰਾ ਬੜਾ ਵਿਸ਼ਾਲ ਹੈ। ਇਸ ਨਾਲ ਸੰਬੰਧਿਤ ਅਧਿਐਨ ਦ੍ਰਿਸ਼ਟੀਆਂ ਜਿਵੇਂ ਰੂਪਵਾਦ, ਪ੍ਰਕਾਰਜਵਾਦ, ਸੰਰਚਨਾਵਾਦ, ਉਤਰ ਸੰਰਚਨਾਵਾਦ ਆਦਿ ਦੇ ਚਿੰਤਨ-ਪ੍ਰਵਾਹ ਵਿਚੋਂ 'ਸਾਹਿਤ-ਵਿਗਿਆਨ' ਦਾ ਸੰਕਲਪ ਉਭਰਿਆ ਹੈ। ਇਸ ਉਭਰਦੇ ਹੋਏ 'ਸਾਹਿਤ-ਵਿਗਿਆਨ' ਦੇ ਵਿਚਕਾਰ ਹੀ ਰੂਪ-ਵਿਗਿਆਨ ਦੀ ਸਥਿਤੀ ਹੈ। ਇਹ ਸੰਕਲਪ ਵਿਕਸਿਤ ਤਾਂ ਭਾਵੇਂ ਪੱਛਮ ਵਿਚ ਹੋਇਆ ਹੈ ਪਰ, ਪੰਜਾਬੀ

ਸਾਹਿਤ-ਸਮੀਖਿਆ ਨਾਲ ਇਸ ਹੱਦ ਤਕ ਵਾਕਿਫ਼ ਕਰਾ ਦਿੱਤਾ ਗਿਆ ਹੈ ਕਿ ਪਿਛਲੇ ਕਈ ਸਾਲਾਂ ਤੋਂ ਸਥਾਪਿਤ ਪਹੁੰਚ ਵਾਂਗ ਪਛਾਣਿਆ ਜਾਂਦਾ ਹੈ। ਤਾਂ ਵੀ, ਸ਼ਾਇਦ 'ਰੂਪ-ਵਿਗਿਆਨ' ਸੰਕਲਪ ਨਵਾਂ ਜਾਪੇ।"[11] (ਡਾ. ਦੇਵਿੰਦਰ ਕੌਰ, 'ਵੀਰ ਸਿੰਘ ਕਾਵਿ ਦਾ ਰੂਪ-ਵਿਗਿਆਨਕ ਅਧਿਐਨ', ਪੰਨਾ 238)

ਇਸ ਰੂਪ ਵਿਗਿਆਨ ਦੇ ਅੰਤਰਰਤ ਉਸਨੇ ਭਾਈ ਵੀਰ ਸਿੰਘ ਕਾਵਿ ਦਾ ਰੂਪ-ਕਾਵਿ ਵਿਗਿਆਨਕ ਅਧਿਐਨ ਪੇਸ਼ ਕੀਤਾ ਹੈ। ਜਿਸ ਵਿਚ ਭਾਈ ਵੀਰ ਸਿੰਘ ਦੇ ਮਹਾਂਕਾਵਿ 'ਰਾਣਾ ਸੂਰਤ ਸਿੰਘ' ਅਤੇ ਲੰਮੇਰੀਆਂ ਤੇ ਛੋਟੀਆਂ ਕਵਿਤਾਵਾਂ ਦਾ ਅਧਿਐਨ ਪੇਸ਼ ਕੀਤਾ। ਇਸ ਅਧਿਐਨ ਵਿਚ ਉਹ ਅਨਿਉਕਤੀਆਂ, ਉਪ-ਅਨਿਉਕਤੀਆਂ, ਪਿੱਠਭੂਮੀ, ਅਗਰਭੂਮੀ, ਰੂਪਕ-ਸੰਗਲਾ, ਕਵਿਤਾ ਵਿਚਲੇ ਤਨਾਉ, ਬਿਰਤਾਂਤ, ਪ੍ਰਗੀਤ ਅਤੇ ਉਸਰਦੇ ਪੈਰਾਡਾਈਮ ਦਾ ਅਧਿਐਨ ਕਰਨ ਦਾ ਯਤਨ ਕਰਦੀ ਹੈ। ਉਹ ਥੀਮ ਅਤੇ ਰੂਪ ਦੀ ਦਵੈਤ ਨੂੰ ਮਿਟਾਉਣ ਦਾ ਯਤਨ ਕਰਦੀ ਹੈ।

ਇਉਂ ਸਪਸ਼ਟ ਹੈ ਕਿ ਉਹ ਆਪਣੀ ਸਾਰੀ ਸ਼ਬਦਾਵਲੀ ਅਤੇ ਵਿਧੀ ਰੂਪਵਾਦ ਤੋਂ ਲੈਂਦੀ ਹੈ, ਪਰ ਇਹ ਵੀ ਸਪਸ਼ਟ ਹੈ ਕਿ ਉਹ ਰੂਪਵਾਦ, ਰੂਸੀ ਰੂਪਵਾਦ ਦੀਆਂ ਸਥਾਪਤ ਗੱਲਾਂ ਤੋਂ ਅਗੇ ਵਧਣ ਦਾ ਯਤਨ ਕਰਦੀ ਹੈ। ਇਨ੍ਹਾਂ ਕਵਿਤਾਵਾਂ ਦੇ ਅਧਿਐਨ ਲਈ ਉਹ ਰੂਪ ਨੂੰ ਇਕ ਵਿਗਿਆਨ ਬਨਾਉਣ ਦਾ ਯਤਨ ਕਰਦੀ ਹੈ। ਇਸੇ ਲਈ ਉਸਨੇ ਇਸਨੂੰ ਰੁਪ-ਵਿਗਿਆਨ ਦਾ ਨਾਮ ਦਿੱਤਾ। ਇਸੇ ਵਿਧੀ ਨੂੰ ਅਪਨਾ ਕੇ ਉਸਨੇ 'ਕਿਰਿਆ-ਪ੍ਰਤਿਕਿਰਿਆ' (1983), 'ਪੰਜਵਾਂ ਚਿਰਾਗ' (1985), 'ਵਿਵਿਧਾ' (1987) ਆਪਣੀਆਂ ਰਚਨਾਵਾਂ ਵਿਚ ਅਧਿਐਨ ਕਰਨ ਦਾ ਯਤਨ ਕੀਤਾ।

ਪੱਛਮੀ ਕਾਵਿ-ਸ਼ਾਸਤਰ ਵਿਚ ਰੂਪਵਾਦ ਦਾ ਜੋ ਵਿਕਾਸ ਹੋਇਆ 'ਥੀਮ ਵਿਗਿਆਨ' ਨੂੰ ਵੀ ਉਸ ਘੇਰੇ ਵਿਚ ਹੀ ਰੱਖਿਆ ਜਾਂਦਾ ਹੈ। ਡਾ. ਹਰਿਭਜਨ ਸਿੰਘ ਨੇ ਆਪਣੇ ਕੁਝ ਨਿਬੰਧਾਂ ਵਿਚ ਥੀਮ-ਵਿਗਿਆਨ ਦਾ ਸਿਧਾਂਤਕ ਚਰਚਾ ਵੀ ਛੇੜ ਦਿੱਤਾ ਸੀ ਅਤੇ ਗੁਰਦਿਆਲ ਸਿੰਘ ਦੇ ਨਾਵਲ 'ਅੱਧ ਚਾਨਣੀ ਰਾਤ' ਦਾ ਥੀਮਿਕ-ਅਧਿਐਨ ਵੀ ਪੇਸ਼ ਕਰ ਦਿੱਤਾ ਸੀ। 'ਦਿੱਲੀ ਸਕੂਲ' ਨਾਲ ਸੰਬੰਧਿਤ ਆਲੋਚਨਾ ਵਿਚ ਇਸੇ ਦ੍ਰਿਸ਼ਟੀ ਤੋਂ ਡਾ. ਮਨਜੀਤ ਕੌਰ ਦੀ ਪੁਸਤਕ 'ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ' (1980) ਸ਼ਾਮਿਲ ਕੀਤੀ ਜਾ ਸਕਦੀ ਹੈ। ਇਸ ਪੁਸਤਕ ਵਿਚ ਡਾ. ਮਨਜੀਤ ਕੌਰ ਨੇ ਆਰੰਭ ਵਿਚ 'ਥੀਮ-ਵਿਗਿਆਨ' ਨੂੰ ਸਪਸ਼ਟ ਕੀਤਾ ਅਤੇ ਉਸ ਉਪਰੰਤ ਨਾਨਕ ਸਿੰਘ ਦੇ ਨਾਵਲਾਂ 'ਮਤਰੇਈ ਮਾਂ', 'ਪਵਿੱਤਰ ਪਾਪੀ', ਤੇ 'ਚਿੱਟਾ ਲਹੂ' ਦਾ ਥੀਮਿਕ ਅਧਿਐਨ ਪੇਸ਼ ਕੀਤਾ। ਡਾ. ਮਨਜੀਤ ਕੌਰ ਨੇ 'ਥੀਮ' ਨੂੰ ਪਰਿਭਾਸ਼ਿਤ ਕਰਦਿਆਂ ਆਖਿਆ:

"ਥੀਮਿਕ-ਅਧਿਐਨ ਦੇ ਅੰਤਰ ਆਤਮੇ ਬੀਜ ਰੂਪ ਵਿਚ ਕੰਮ ਕਰ ਰਹੀ ਸ਼ਕਤੀ ਦਾ ਨਾਮ 'ਥੀਮ' ਹੈ। ਸਾਹਿਤਕ-ਰਚਨਾ ਨੂੰ ਵੀ ਏਕਤਾ ਉਸਦੀ ਥੀਮ ਤੋਂ ਮਿਲਦੀ ਹੈ ਜੋ ਉਸਦੇ ਅੰਦਰ ਬਾਹਰ ਆਦਿ ਤੋਂ ਅੰਤ ਤਕ ਸਮਾਈ ਰਹਿੰਦੀ ਹੈ। ਸਾਡੀ ਆਲੋਚਨਾਤਮਕ ਸ਼ਬਦਾਵਲੀ ਵਿਚ 'ਥੀਮ' ਸ਼ਬਦ ਦੀ ਵਰਤੋਂ ਕਈ ਅਰਥਾਂ ਵਿਚ ਹੁੰਦੀ ਰਹੀ ਹੈ। ਸਾਹਿਤ-ਚਿੰਤਨ ਵਿਚ 'ਥੀਮ' ਲਈ ਟਾਪਿਕ, ਸਾਰ-ਕਥਨ, ਵਿਚਾਰ, ਪੈਗ਼ਾਮ, ਅਰਥ ਵਾਕ, ਵਿਆਖਿਆ, ਟੀਕਾ-ਟਿੱਪਣੀ ਆਦਿ ਸ਼ਬਦਾਂ ਦੀ ਵਰਤੋਂ ਹੁੰਦੀ ਰਹੀ ਹੈ ਪਰ, ਅਸੀਂ ਥੀਮ ਨੂੰ, ਰਚਨਾ-ਮੁੱਲਾਂ ਨੂੰ ਜਾਂਚਣ ਦਾ ਆਧਾਰ ਮੰਨਣ ਦੇ ਨਾਲ-ਨਾਲ ਇਸ ਨੂੰ ਰਚਨਾ ਦੇ ਸੰਗਠਨ-ਸਿਧਾਂਤ ਵਲ ਸੰਕੇਤ ਕਰਨ ਵਾਲਾ ਤੱਤ ਸਵੀਕਾਰ ਕੀਤਾ ਹੈ।

ਪੰਜਾਬੀ ਗਲਪ-ਆਲੋਚਨਾ ਦੀ ਪਰੰਪਰਾ ਵਿਚ 'ਥੀਮ' ਤੇ 'ਰੂਪ' ਦੋ ਭਿੰਨ-ਭਿੰਨ ਕੋਟੀਆਂ ਮੰਨੀਆਂ ਜਾਂਦੀਆਂ ਹਨ। ਇਸ ਸ਼ੋਧ-ਪ੍ਰਬੰਧ ਵਿਚ ਇਸ ਪ੍ਰਕਾਰ ਦੀ ਸ਼ਬਦਾਵਲੀ ਨੂੰ ਤਿਆਰ ਕੇ ਥੀਮ ਨੂੰ ਇਕ ਸੰਪੂਰਣ ਇਕਾਈ ਦੇ ਰੂਪ ਵਿਚ ਗ੍ਰਹਿਣ ਕਰਨ ਦੀ ਚੇਸ਼ਟਾ ਕੀਤੀ ਜਾ ਰਹੀ ਹੈ। ਇਹ 'ਰੂਪ' ਦਾ ਵਿਰੋਧੀ ਨਹੀਂ, 'ਸਗੋਂ' ਰੂਪਾ ਨੂੰ ਹੋਂਦ ਦੇਣ ਵਾਲਾ ਕੇਂਦਰੀ ਤੱਤ ਹੈ। ਸਾਡਾ ਥੀਮ ਤੋਂ ਭਾਵ ਕੇਵਲ ਰਚਨਾ ਦੀ ਵਸਤੂ ਹੀ ਨਹੀਂ ਬਲਕਿ ਨਾਵਲ ਦਾ ਸਮੁੱਚਾ ਸੰਸਾਰ ਹੈ ਅਤੇ ਉਸ ਨੂੰ ਰਚਣ ਵਾਲੀਆਂ ਭਿੰਨ-ਭਿੰਨ ਜੁਗਤਾਂ ਅਤੇ ਵਿਧੀਆਂ ਹਨ ਜੋ ਵੰਨ-ਸੁਵੰਨੀਆਂ ਹੋਣ ਦੇ ਬਾਵਜੂਦ ਨਾਵਲੀ ਗਲਪ-ਬਿੰਬ ਵਿਚ ਸਾਂਝੇ ਤੌਰ 'ਤੇ ਕਾਰਜ ਕਰਦੀਆਂ ਹਨ।"[12] ('ਥੀਮ ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ', ਪੰਨਾ 13)

ਲਗਭਗ ਇਹੀ ਦ੍ਰਿਸ਼ਟੀ ਫਾਂਸੀਸੀ ਸਾਹਿਤ ਚਿੰਤਕ ਯੂਜੀਨ ਐਚ.ਫਾਕ ਨੇ ਸਾਹਮਣੇ ਲਿਆਂਦੀ ਸੀ। ਇਸ ਦ੍ਰਿਸ਼ਟੀ ਵਿਚ ਰੂਪ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ ਅਤੇ ਥੀਮ ਤੇ ਰੂਪ ਵਿਚ ਕੋਈ ਦਵੈਤ ਸਥਾਪਿਤ ਨਹੀਂ ਕੀਤੀ ਗਈ ਕਿਉਂਕਿ ਥੀਮ ਬਾਰੇ ਰੂਸੀ-ਰੂਪਵਾਦੀਆਂ ਨੇ ਭਰਪੂਰ ਚਰਚਾ ਕੀਤੀ। ਇਸੇ ਲਈ ਥੀਮਿਕ-ਅਧਿਐਨ ਰੂਪਵਾਦ ਦੇ ਹੀ ਅੰਤਰਗਤ ਰੱਖਿਆ ਜਾਂਦਾ ਹੈ। ਇਸ ਵਿਚ ਰਚਨਾ ਦੇ ਮੋਟਿਫ਼ਾਂ ਦਾ ਵਿਸਥਾਰ ਨਾਲ ਅਧਿਐਨ ਕੀਤਾ ਜਾਂਦਾ ਹੈ, ਖੁਲ੍ਹੇ ਮੋਟਿਫ਼, ਬੱਝੇ ਮੋਟਿਫ਼, ਗਤੀਸ਼ੀਲ ਮੋਟਿਫ਼, ਗਤੀਹੀਨ ਮੋਟਿਫ਼, ਨਾਂ-ਮੁੱਖੀ ਪ੍ਰਕ੍ਰਿਤੀ ਵਾਲੇ ਮੋਟਿਫ਼, ਵਿਰੋਧੀ ਪ੍ਰਕਿਰਤੀ ਵਾਲੇ ਮੋਟਿਫ਼, ਭਿੰਨ-ਭਿੰਨ ਵਿਸ਼ਲੇਸ਼ਣ ਵਾਲੇ ਮੋਟਿਫ਼, ਸਮਾਲ ਪ੍ਰਕਿਰਤੀ ਵਾਲੇ ਮੋਟਿਫ਼, ਮੋਟਿਫ਼ਾਂ ਦੇ ਹੋਰ ਤੱਤ ਜੁਗਤਾਂ, ਪ੍ਰੇਰਕ ਆਦਿ। ਇਸੇ ਤਰ੍ਹਾਂ ਰੂਸੀ ਰੂਪਵਾਦ ਦੇ 'ਫੇਬੁਲਾ' ਤੇ 'ਸੁਜੇਤ' ਦੇ ਸੰਕਲਪਾਂ ਨੂੰ ਵੀ ਇਸ ਵਿਚ ਵਿਚਾਰਿਆ ਜਾਂਦਾ ਹੈ। ਅਜਨਬੀਕਰਨ, ਰਾਇਮ (Rhyme), ਬਿੰਬ, ਇਨ੍ਹਾਂ ਸਾਰਿਆਂ ਦੇ ਆਧਾਰ 'ਤੇ ਥੀਮ-ਵਿਗਿਆਨ ਦੀ ਉਸਾਰੀ ਕੀਤੀ ਜਾਂਦੀ ਹੈ। ਡਾ. ਮਨਜੀਤ ਕੌਰ ਨੇ ਇਨ੍ਹਾਂ ਦਾ ਵਿਸਥਾਰ ਇਸ ਪੁਸਤਕ ਵਿਚ ਕੀਤਾ ਹੈ ਅਤੇ ਬਿਰਤਾਂਤ ਵਿਗਿਆਨ ਨੂੰ ਅਜਿਹੇ ਚਿੰਤਕਾਂ ਦੇ ਆਧਾਰ 'ਤੇ ਵੀ ਸਮਝਣ ਦਾ ਯਤਨ ਕੀਤਾ ਹੈ ਜਿਨ੍ਹਾਂ ਨੇ ਇਨ੍ਹਾਂ ਪੱਖਾਂ ਦੀ ਵਿਆਖਿਆ ਕੀਤੀ ਹੈ।

ਉਸਨੇ ਜਿਨ੍ਹਾਂ ਨਾਵਲਾਂ ਦਾ ਅਧਿਐਨ ਕੀਤਾ ਹੈ ਉਨ੍ਹਾਂ ਵਿਚ ਸਭ ਤੋਂ ਵੱਧ ਮੋਟਿਫ਼ਾਂ ਦਾ ਅਧਿਐਨ ਕੀਤਾ ਹੈ ਜਾਂ ਜੋ ਮਾਨਸਿਕ ਤਨਾਉ ਪੈਦਾ ਹੁੰਦਾ ਹੈ, ਉਨ੍ਹਾਂ ਦਾ ਥੀਮ ਕਿਵੇਂ ਅੱਗੇ ਟੁਰਦਾ ਹੈ, ਕਿਹੜੀਆਂ ਗਲਪੀ ਜੁਗਤਾਂ ਉਘੜਦੀਆਂ ਹਨ, ਉਨ੍ਹਾਂ ਦਾ ਵਿਸਥਾਰ ਕੀਤਾ ਹੈ ਇਉਂ ਥੀਮਕੀ ਦ੍ਰਿਸ਼ਟੀ ਤੋਂ ਵਿਹਾਰਕ ਆਲੋਚਨਾ ਉਭਰ ਆਉਂਦੀ ਹੈ। ਥੀਮ-ਵਿਗਿਆਨ ਭਾਵੇਂ ਹੁਣ ਕਾਫੀ ਵਿਕਸਿਤ ਹੋ ਗਿਆ ਹੈ ਪਰ, ਜਦੋਂ ਤਕ ਇਸਦਾ ਘੇਰਾ ਰੂਪਵਾਦ ਤਕ ਸੀਮਿਤ ਸੀ ਉਸਦੀ ਉਦਾਹਰਣ ਇਸ ਪੁਸਤਕ ਵਿਚ ਸਾਹਮਣੇ ਆ ਜਾਂਦੀ ਹੈ।

ਰੂਸੀ ਰੂਪਵਾਦ ਦਾ ਵਿਸਥਾਰ ਜਿਸ ਰੂਪ ਵਿਚ ਡਾ. ਹਰਿਭਜਨ ਸਿੰਘ ਨੇ ਕਰ ਦਿੱਤਾ ਸੀ। ਉਸ ਤੋਂ ਬਾਅਦ ਪੰਜਾਬ ਵਿਚ ਡਾ. ਨਾਹਰ ਸਿੰਘ ਨੇ ਆਪਣੀ ਪੁਸਤਕ 'ਮਾਰਕਸੀ ਰੂਪ-ਚਿੰਤਨ'

(1989) ਵਿਚ ਇਸਦਾ ਚਰਚਾ ਛੋਹਿਆ ਉਹ ਆਪਣੀ ਪੁਸਤਕ ਦੇ ਆਰੰਭ ਵਿਚ ਰੂਸੀ ਰੂਪਵਾਦ ਦੀਆਂ ਸਥਾਪਨਾਵਾਂ ਨੂੰ ਸਪਸ਼ਟ ਕਰਦਾ ਹੈ। ਰੂਸੀ ਰੂਪਵਾਦ ਸਕੂਲ ਦਾ ਸੰਖੇਪ ਇਤਿਹਾਸ ਦਿੰਦਿਆਂ ਕਾਵਿ-ਭਾਸ਼ਾ ਦੀ ਧਾਰਣਾ, ਭਾਸ਼ਾ-ਜੁਗਤਾਂ ਦਾ ਪ੍ਰਯੋਗ, ਅਰਥ ਦੀ ਬਹੁ-ਪਰਤਤਾ, ਧੁਨੀ ਤੇ ਅਰਥ ਦਾ ਸੰਬੰਧ ਅਤੇ ਰੂਪ ਤੇ ਵਸਤੂ ਦੀ ਧਾਰਨਾ ਨੂੰ ਵਿਚਾਰਦਾ ਹੈ। ਅਸਲ ਵਿਚ ਡਾ. ਨਾਹਰ ਸਿੰਘ ਮੂਲ ਤੌਰ 'ਤੇ ਰੂਪ-ਅਧਿਐਨ ਦੀਆਂ ਮਾਰਕਸਵਾਦੀ ਸਥਾਪਨਾਵਾਂ ਨੂੰ ਸਪਸ਼ਟ ਕਰਨਾ ਚਾਹੁੰਦਾ ਹੈ, ਇਸੇ ਕਾਰਣ ਉਹ ਰੂਸੀ ਰੂਪਵਾਦ ਨੂੰ ਵੀ ਵਿਚਾਰਧਾਰਕ ਦ੍ਰਿਸ਼ਟੀ ਤੋਂ ਦੇਖਦਾ ਹੈ ਅਤੇ ਮਾਰਕਸਵਾਦੀ ਸਥਾਪਨਾਵਾਂ ਦੇ ਵੀ ਵਿਚਾਰਧਾਰਕ ਆਧਾਰਾਂ ਨੂੰ ਸਪਸ਼ਟ ਕਰਦਾ ਹੈ। ਅਸਲ ਵਿਚ ਮਾਰਕਸਵਾਦੀ ਸਮੀਖਿਆ ਨੇ ਸਾਹਿਤ ਰੂਪ ਦੀਆਂ ਗੱਲਾਂ ਨੂੰ ਅੱਖੋਂ ਓਹਲੇ ਕਰ ਦਿੱਤਾ ਸੀ। ਇਸ ਲਈ ਡਾ. ਨਾਹਰ ਸਿੰਘ ਮਾਰਕਸਵਾਦੀ ਦ੍ਰਿਸ਼ਟੀ ਤੋਂ ਰੂਪ ਦੇ ਮਹੱਤਵ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ। ਮਾਰਕਸਵਾਦੀਆਂ ਦਾ ਦ੍ਰਿਸ਼ਟੀਕੋਣ ਹੈ ਕਿ ਵਸਤੂ ਦਾ ਹੀ ਰੂਪ ਵਿਚ ਰੁਪਾਂਤਰਣ ਹੋ ਜਾਂਦਾ ਹੈ। ਉਹ ਰੂਪ, ਰੂਪਾਕਾਰ, ਸੰਰਚਨਾ ਤੇ ਸ਼ੈਲੀ ਦੇ ਸੰਬੰਧਾਂ ਨੂੰ ਵਿਚਾਰਦਾ ਹੈ। ਮਾਰਕਸਵਾਦੀ ਦ੍ਰਿਸ਼ਟੀ ਤੋਂ ਰੂਪ ਦੀ ਪਰਿਭਾਸ਼ਾ ਦਿੰਦਾ ਹੈ। ਰੂਪ-ਵਸਤੂ ਸੰਬੰਧ ਅਤੇ ਪ੍ਰਕਿਰਿਆ ਨੂੰ ਵਿਚਾਰਦਾ ਹੈ। ਉਸਦਾ ਨਿਰਣਾ ਹੈ:

"ਰੂਪ/ਵਸਤੂ ਦਾ ਵਿਕਾਸ ਇਨ੍ਹਾਂ ਵਿਚਲੇ ਵਿਰੋਧ ਵਿਕਾਸੀ ਸੰਬੰਧਾਂ ਉਤੇ ਨਿਰਭਰ ਕਰਦਾ ਹੈ। ਜੇ ਵਸਤੂ ਤੇ ਰੂਪ ਨਾਲੋਂ ਨਾਲ ਚਲਦੇ ਜਾਣ ਅਤੇ ਇਨ੍ਹਾਂ ਵਿਚ ਕਦੇ ਕੋਈ ਵਿਰੋਧ ਨਾ ਆਵੇ ਤਾਂ ਸਿੱਟੇ ਵਜੋਂ ਕੋਈ ਵਿਕਾਸ ਨਹੀਂ ਹੋਵੇਗਾ। ਪਰ ਅਜਿਹਾ ਹੋਣਾ ਅਸੰਭਵ ਹੈ ਕਿਉਂਕਿ ਵਸਤੂ ਨੇ ਆਪਣੇ ਬੁਨਿਆਦੀ ਸੁਭਾਅ ਕਾਰਨ ਸਦਾ ਗਤੀਮਾਨਤਾ ਦੇ ਪ੍ਰਵਾਹ ਵਿਚ ਤੁਰੇ ਰਹਿਣਾ ਹੈ ਅਤੇ ਰੂਪ ਨੇ ਆਪਣੇ ਸਮਤੋਲਮੁਖ ਸੁਭਾਅ ਕਾਰਨ ਉਸਨੂੰ ਨਿਯੰਤਰਤ ਕਰਨ ਲਈ ਕਾਰਜਸ਼ੀਲ ਰਹਿਣਾ ਹੁੰਦਾ ਹੈ।"[13] (ਡਾ. ਨਾਹਰ ਸਿੰਘ, 'ਮਾਰਕਸੀ ਰੂਪ-ਚਿੰਤਨ', ਪੰਨਾ 57)

ਸਮੁੱਚੇ ਤੌਰ 'ਤੇ ਕਹੀਏ ਤਾਂ ਰੂਪਵਾਦ ਨੇ ਜਿਸ ਪੱਖ ਨੂੰ ਸਾਹਮਣੇ ਲਿਆਂਦਾ ਉਹ ਬਹੁਤ ਅਹਿਮ ਹੈ ਕਿਉਂਕਿ ਇਸ ਆਲੋਚਨਾ ਨੇ ਵਿਸ਼ੇ ਅਤੇ ਰੂਪ ਵਿਚ ਇੱਕ ਦਵੈਤ ਕਾਇਮ ਕਰ ਦਿੱਤਾ ਜਾਂ ਦੂਜੇ ਸ਼ਬਦਾਂ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਰੂਪਵਾਦੀ ਆਲੋਚਨਾ ਨੇ ਵਿਸ਼ੇ ਨੂੰ ਅੱਖੋਂ ਓਹਲੇ ਕਰ ਦਿੱਤਾ, ਇਸਨੂੰ ਘੱਟ ਮਹੱਤਵ ਦਿੱਤਾ। ਕੋਈ ਵੀ ਸਾਹਿਤ ਕੇਵਲ ਸ਼ਬਦਾਂ ਦਾ ਬਣਿਆ ਹੋਇਆ ਨਹੀਂ ਹੁੰਦਾ, ਸਗੋਂ ਉਸ ਵਿਚ ਇਕ ਸਮਾਜ ਹੁੰਦਾ ਹੈ, ਉਸਦੇ ਲੋਕ, ਉਸਦਾ ਸਭਿਆਚਾਰ, ਰਸਮੋਂ-ਰਿਵਾਜ਼, ਰਾਜਨੀਤੀ, ਧਰਮ, ਇਤਿਹਾਸ ਸਭੋ ਕੁਝ ਹੁੰਦਾ ਹੈ ਤੇ ਵਿਸ਼ਾ ਇਨ੍ਹਾਂ ਸਾਰੀਆਂ ਗੱਲਾਂ ਨਾਲ ਸੰਬੰਧਿਤ ਹੁੰਦਾ ਹੈ। ਰੂਪਵਾਦ ਨੇ ਇਹ ਤਾਂ ਕਿਹਾ ਕਿ ਅਸੀਂ ਵਿਸ਼ੇ ਨੂੰ ਅੱਖੋਂ ਓਹਲੇ ਨਹੀਂ ਕਰਦੇ ਪਰ ਉਨ੍ਹਾਂ ਨੇ ਇਸਨੂੰ ਦੂਜੇ ਨੰਬਰ 'ਤੇ ਰੱਖ ਦਿੱਤਾ ਤੇ ਇਉਂ ਰੂਪਵਾਦ ਦੀ ਸੀਮਾ ਨੂੰ ਸਮਝ ਕੇ ਆਲੋਚਕ ਸੰਰਚਨਾਵਾਦ ਵਲ ਰੁਚਿਤ ਹੁੰਦੇ ਗਏ ਤੇ ਇਹ ਵੀ ਸਿੱਧ ਹੁੰਦਾ ਗਿਆ ਕਿ ਸਾਹਿਤ ਦੇ ਰੂਪ ਬਾਰੇ ਰੂਪਵਾਦ ਦੀਆਂ ਵੀ ਕੁੱਝ ਗੱਲਾਂ ਨਿਸ਼ਚਿਤ ਹਨ। ਜੋ ਆਲੋਚਨਾ ਥੀਮ ਵਿਗਿਆਨ ਜਾਂ ਰੂਪ ਵਿਗਿਆਨ ਦੇ ਨੇੜੇ-ਤੇੜੇ ਉਸਰੀ, ਉਹ ਵੀ ਮੂਲ ਤੌਰ 'ਤੇ ਰੂਪਵਾਦੀ ਹੀ ਰਹੀ।

## ਸੰਦਰਭ ਸੂਚੀ


1. ਅਮਰੀਕ ਸਿੰਘ ਪੁੰਨੀ (ਡਾ.): ਸਿਰਜਣਾ ਅਤੇ ਸਮੀਖਿਆ; ਦਿੱਲੀ, ਵਰਤਮਾਨ ਪ੍ਰਕਾਸ਼ਨ, 1976
2. ਗੁਰਚਰਨ ਸਿੰਘ (ਡਾ.): ਬਾਣੀ: ਕੇਂਦਰ ਤੇ ਵਿਕੇਂਦਰ; ਨਵੀਂ ਦਿੱਲੀ, ਵਿਵਿਅਨ-ਏਕਤਾ ਪ੍ਰਕਾਸ਼ਨ, 1979
3. ਮਹਿੰਦਰ ਕੌਰ ਗਿੱਲ (ਡਾ.): ਬਾਣੀ ਵਿਧਾਨ; ਦਿੱਲੀ, ਨੈਸ਼ਨਲ ਬੁਕ ਸ਼ਾਪ, 1984
4. ਸਤਿੰਦਰ ਸਿੰਘ (ਡਾ.): ਆਧੁਨਿਕ ਪੰਜਾਬੀ ਕਾਵਿ: ਰੂਪ ਅਧਿਐਨ; ਅੰਮ੍ਰਿਤਸਰ,
5. ਗੁਰੂ ਨਾਨਕ ਦੇਵ ਯੂਨੀ ਵਰਸਿਟੀ, 1980
6. ਸਤਿੰਦਰ ਸਿੰਘ (ਡਾ.): ਵਿਹਾਰਕ ਸਮੀਖਿਆ; ਪਟਿਆਲਾ, ਪੰਜਾਬੀ ਯੂਨੀਵਰਸਿਟੀ, 1986
7. ਦੇਵਿੰਦਰ ਕੌਰ (ਡਾ.): ਵੀਰ ਸਿੰਘ-ਕਾਵਿ ਦਾ ਰੂਪ-ਵਿਗਿਆਨਕ ਅਧਿਐਨ; ਦਿੱਲੀ, ਜਗਪ੍ਰੀਤ ਪ੍ਰਕਾਸ਼ਨ, 1985
8. ਮਨਜੀਤ ਕੌਰ (ਡਾ.): ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ; ਦਿੱਲੀ, ਪ੍ਰੀਤ ਪ੍ਰਕਾਸ਼ਨ, 1980
9. ਨਾਹਰ ਸਿੰਘ (ਡਾ.): ਮਾਰਕਸੀ ਰੂਪ-ਚਿੰਤਨ; ਸਰਹਿੰਦ, ਲੋਕਗੀਤ ਪ੍ਰਕਾਸ਼ਨ, 1989